# ਮਿਜ਼ਮਾਨੀ

ਮਿਤਰਾਂ ਦੀ ਮਿਜ਼ਮਾਨੀ ਖ਼ਾਤਰ,
ਦਿਲ ਦਾ ਲਹੂ ਛਾਣੀਦਾ।11ਰਹਾਉ।
ਕਢਿ ਕਲੇਜਾ ਕੀਤਮ ਬੇਰੇ,
ਸੋ ਭੀ ਲਾਇਕ ਨਾਂਹੀ ਤੇਰੇ,
ਹੋਰੁ ਤਉਫ਼ੀਕੁ ਨਾਹੀ ਕਿਛੁ ਮੇਰੇ,
ਪੀਉ ਕਟੋਰਾ ਪਾਣੀ ਦਾ।1।
ਮਿਤਰਾਂ ਲਿਖ ਕਿਤਾਬਤ ਭੇਜੀ,
ਲਗਾ ਬਾਣ ਫਿਰਾਂ ਤੜਫੇਂਦੀ,
ਤਨ ਵਿਚਿ ਤਾਕਤ ਰਹੀ ਨਾ ਮੂਲੇ,
ਰੋ ਰੋ ਹਰਫ਼ ਪਛਾਣੀਦਾ।2।
ਤਨ ਮਨ ਅਪੁਣਾ ਪੁਰਜ਼ੇ ਕੀਤਾ,
ਤੈਨੂੰ ਮਿਹਰ ਨ ਆਈਆ ਮੀਤਾ,
ਅਸਾਨੂੰ ਹੋਰ ਉਜ਼ਰ ਨ ਕੋਈ,
ਚਾਰਾ ਕਿਆ ਨਿਮਾਣੀ ਦਾ।3।
ਕਹੇ ਹੁਸੈਨ ਫ਼ਕੀਰ ਨਿਮਾਣਾ,
ਤੈਂ ਬਾਝਹੁ ਕੋਈ ਹੋਰ ਨ ਜਾਣਾ,
ਤੂੰ ਹੀ ਦਾਨਾ ਤੂੰ ਹੀ ਬੀਨਾ,
ਤੂੰ ਹੈ ਤਾਣਿ ਨਿਤਾਣੀ ਦਾ।4।

**ਸ਼ਾਹ ਹੁਸੈਨ**



### ਔਖੇ ਸ਼ਬਦਾਂ ਦੇ ਅਰਥ

ਮਿਜ਼ਮਾਨੀ : ਮਹਿਮਾਨ ਨਿਵਾਜ਼ੀ
ਕੀਤਮ : ਮੈਂ ਕੀਤਾ ਹੈ
ਬੇਰੇ : ਟੁਕੜੇ
ਤਉਫ਼ੀਕੁ : ਵਿੱਤ, ਸਮਰੱਥਾ
ਪੀਉ : ਪੀਣ ਲਈ ਕਹਿਣਾ
ਕਿਤਾਬਤ : ਚਿੱਠੀ
ਬਾਣ : ਤੀਰ
ਮੂਲੇ : ਬਿਲਕੁਲ
ਹਰਫ਼ : ਅੱਖਰ
ਪੁਰਜ਼ੇ : ਟੁਕੜੇ
ਮੀਤਾ : ਮਿੱਤਰਾ
ਉਜ਼ਰ : ਇਨਕਾਰ
ਚਾਰਾ : ਜ਼ੋਰ
ਨਿਮਾਣੀ : ਬੇਵਸ
ਨਿਮਾਣਾ : ਜਿਸਦਾ ਕੋਈ ਮਾਣ ਨਹੀਂ
ਦਾਨਾ : ਸਹਾਰਾ
ਬੀਨਾ : ਆਸਰਾ
ਤਾਣਿ : ਸਹਾਰਾ, ਜ਼ੋਰ

## ਟਿੱਪਣੀ

ਸ਼ਾਹ ਹੁਸੈਨ ਨੇ ਆਪਣੀ ਕਾਫ਼ੀ ਵਿਚ ਆਪਣੇ ਪਿਆਰੇ ਮਿੱਤਰ ਲਈ ਬਹੁਤ ਕੁਝ ਕਰਨ ਵਾਲੀ ਆਤਮਾ ਦਾ ਬਿਆਨ ਕੀਤਾ ਹੈ। ਆਤਮਾ ਦਾ ਕਹਿਣਾ ਹੈ ਕਿ ਉਹ ਆਪਣੇ ਮਿੱਤਰ ਦੀ ਮਹਿਮਾਨ ਨਿਵਾਜ਼ੀ ਕਰਕੇ ਆਪਣੇ ਦਿਲ ਦਾ ਲਹੂ ਛਾਣਦੀ ਹੈ, ਭਾਵ ਉਹ ਦਿਲੋਂ ਉਸ ਨੂੰ ਯਾਦ ਕਰਦੀ ਹੈ। ਉਸ ਨੇ ਆਪਣੇ ਤਨ ਤੇ ਮਨ ਦੇ ਟੁਕੜੇ ਕਰਕੇ ਵੀ ਪੇਸ਼ ਕੀਤੇ ਹਨ,

ਪਰ ਉਸ ਦਾ ਪਿਆਰਾ ਮਿੱਤਰ ਉਸ ਨੂੰ ਕਬੂਲ ਨਹੀਂ ਕਰ ਰਿਹਾ। ਪਿਆਰੇ ਮਿੱਤਰ ਦੀ ਚਿੱਠੀ ਮਿਲਣ ਕਾਰਨ ਬੇਹਾਲ ਹੋਈ ਆਤਮਾ, ਚਿੱਠੀ ਦੇ ਅੱਖਰਾਂ ਨੂੰ ਦੇਖਦੀ ਹੈ। ਆਪਣੇ ਮਿੱਤਰ ਭਾਵ ਪਰਮਾਤਮਾ ਦੀ ਮਿੱਤਰ ਨਾ ਹੋਣ ਉੱਪਰ ਵੀ ਆਤਮਾ ਕਦੀ ਉਸ ਨੂੰ ਭੁਲਦੀ ਨਹੀਂ। ਉਹ ਹਰ ਸਮੇਂ ਤੜਫਦੀ ਹੈ ਕਿਉਂਕਿ ਨਿਮਾਣੀ ਆਤਮਾ ਦਾ ਸਹਾਰਾ ਉਹ ਪਰਮਾਤਮਾ ਹੀ ਹੈ। ਇਸ ਕਾਫ਼ੀ ਵਿਚ ਸ਼ਾਹ ਹੁਸੈਨ ਨੇ ਆਤਮਾ ਤੇ ਪਰਮਾਤਮਾ ਦੀ ਗੱਲ ਕੀਤੀ ਹੈ। ਪਰਮਾਤਮਾ ਤੋਂ ਵਿਛੜੀ ਆਤਮਾ ਦੀ ਤੜਫ਼ ਦਾ ਬਿਆਨ ਕੀਤਾ ਹੈ।



## ਅਭਿਆਸ

**1. ਦੱਸੋ ਖਾਂ ਭਲਾ :**

(i) ਕਿਸ ਦੀ ਮਿਜ਼ਮਾਨੀ ਦੀ ਗੱਲ ਕੀਤੀ ਗਈ ਹੈ ?

(ii) ਕਵੀ ਕਿਸ ਦੇ ਟੁਕੜੇ ਕਰਕੇ ਕਿਸ ਨੂੰ ਦੇਣਾ ਚਾਹ ਰਿਹਾ ਹੈ ?

(iii) 'ਕਿਤਾਬਤ' ਤੋਂ ਕੀ ਭਾਵ ਹੈ ?

(iv) ਕਵੀ ਦੀ ਤੜਫ਼ ਦਾ ਕਾਰਨ ਕੀ ਹੈ ?

(v) ਸ਼ਾਹ ਹੁਸੈਨ ਕਿਸ ਨੂੰ ਆਪਣਾ ਅਸਲ ਸਹਾਰਾ ਸਮਝਦਾ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਮਿਤਰਾਂ ਲਿਖ ਕਿਤਾਬਤ ਭੇਜੀ,
ਲਗਾ ਬਾਣ ਫਿਰਾਂ ਤੜਫੇਂਦੀ,
ਤਨ ਵਿਚਿ ਤਾਕਤ ਰਹੀ ਨ ਮੂਲੇ,
ਰੋ ਰੋ ਹਰਫ਼ ਪਛਾਣੀਦਾ।

(i) ਇਹ ਕਾਵਿ-ਟੋਟਾ ਕਿਸ ਰਚਨਾਕਾਰ ਦਾ ਹੈ ? ਇਹ ਕਿਹੜੀ ਰਚਨਾ ਵਿਚੋਂ ਲਿਆ ਗਿਆ ਹੈ ?

(ii) 'ਬਾਣ' ਤੋਂ ਕੀ ਭਾਵ ਹੈ ?

(iii) ਤਨ ਵਿਚ ਤਾਕਤ ਕਿਉਂ ਨਹੀਂ ਰਹੀ ?

(iv) ਉਪਰੋਕਤ ਟੁਕੜੀ ਦਾ ਕੇਂਦਰੀ ਭਾਵ ਲਿਖੋ।

**3. ਹੇਠਾਂ ਦਿੱਤੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਕਹੇ ਹੁਸੈਨ ਫ਼ਕੀਰ ਨਿਮਾਣਾ,
ਤੈਂ ਬਾਝਹੁ ਕੋਈ ਹੋਰ ਨ ਜਾਣਾ,
ਤੂੰ ਹੀ ਦਾਨਾ ਤੂੰ ਹੀ ਬੀਨਾ,
ਤੂੰ ਹੈ ਤਾਣਿ ਨਿਤਾਣੀ ਦਾ।4।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਕੀ ਤੁਸੀਂ ਕਦੇ ਆਪਣੇ ਕਿਸੇ ਮਿੱਤਰ ਨੂੰ ਬਹੁਤ ਪਿਆਰ ਕੀਤਾ ਹੈ ? ਤੁਹਾਨੂੰ ਆਪਣੇ ਮਿੱਤਰ ਵਿਚ ਕਿਹੜੀ ਚੰਗਿਆਈ ਤੇ ਬੁਰਾਈ ਨਜ਼ਰ ਆਉਂਦੀ ਹੈ ? ਉੱਤਰ 100-125 ਸ਼ਬਦਾਂ ਵਿਚ ਲਿਖੋ।

(ii) ਰੱਬ ਤੋਂ ਬਿਨਾਂ ਮਨੁੱਖ ਤੜਫ਼ਦਾ ਹੈ ? ਧਰਤੀ 'ਤੇ ਰੱਬ ਦਾ ਦੂਜਾ ਰੂਪ ਕਿਸ ਨੂੰ ਮੰਨਿਆ ਜਾਂਦਾ ਹੈ। ਉਸ ਨੂੰ ਅਸੀਂ ਕਿਵੇਂ ਖ਼ੁਸ਼ ਕਰ ਸਕਦੇ ਹਾਂ।

(iii) ਪੰਜਾਬੀ ਦੇ ਕਿਸੇ ਹੋਰ ਸੂਫ਼ੀ ਕਵੀ ਦੇ ਜੀਵਨ ਬਾਰੇ ਜਾਣਕਾਰੀ ਦਿਉ।

(iv) 'ਰਹਾਉ' ਦਾ ਕੀ ਅਰਥ ਹੈ ? ਇਸ ਦੀ ਵਰਤੋਂ ਕਿਥੇ ਕੀਤੀ ਜਾਂਦੀ ਹੈ ? ਆਪਣੇ ਅਧਿਆਪਕ ਤੋਂ ਸਮਝ ਕੇ ਇਸ ਦੀਆਂ ਦੋ ਉਦਾਹਰਨਾਂ ਵੀ ਲਿਖੋ।

(v) ਪਰਮਾਤਮਾ ਦੀ ਮਿਹਰ ਕਿਵੇਂ ਹਾਸਲ ਹੁੰਦੀ ਹੈ ?

### ਅ. ਪਾਠ ਦੇ ਆਧਾਰ ਉੱਤੇ ਠੀਕ ( ✔ ) ਤੇ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਇਸ ਕਾਫ਼ੀ ਰੂਪ ਵਿਚ ਮਿੱਤਰਾਂ ਦੀ ਭੁਖ ਮਿਟਾਉਣ ਦੀ ਗੱਲ ਕੀਤੀ ਹੈ। ☐

(ii) ਕਲੇਜੇ ਦੇ ਟੁਕੜੇ-ਟੁਕੜੇ ਕਰਕੇ ਦੇਣ ਦੀ ਗੱਲ ਹੈ। ☐

(iii) ਮਿੱਤਰਾਂ ਵਲੋਂ ਮਾਰੇ ਸ਼ਬਦਾਂ ਦੇ ਤੀਰ ਸਰੀਰ ਦੀ ਤਾਕਤ ਖਤਮ ਕਰ ਦਿੰਦੇ ਹਨ। ☐

(iv) ਪਰਮਾਤਮਾ ਤੋਂ ਬਿਨਾਂ ਸਾਡਾ ਕੋਈ ਹੋਰ ਸਹਾਰਾ ਨਹੀਂ। ☐

(v) ਮਿਜ਼ਮਾਨੀ ਦਾ ਅਰਥ ਹੈ, ਰਿਸ਼ਤੇਦਾਰੀ। ☐

### ੲ. ਖ਼ਾਲੀ ਥਾਵਾਂ ਭਰੋ :

(i) ਕਲੇਜਾ ਭੇਟ ਕਰਨਾ ਵੀ ਮਿੱਤਰ ਦੇ ... ਨਹੀਂ।

(ii) ਤਉਫ਼ੀਕ ਦਾ ਅਰਥ ਹੈ ....।

(iii) ਤਨ .. ਆਪਣਾ ਪੁਰਜ਼ੇ ਕੀਤਾ।

(iv) ਸ਼ਾਹ ਹੁਸੈਨ ਪ੍ਰਮਾਤਮਾ ਤੋਂ ਬਿਨਾ ਕਿਸੇ ... ਨੂੰ ਨਹੀਂ ਜਾਣਦਾ।

(v) ਸ਼ਾਹ ਹੁਸੈਨ ਦਾ ਸਹਾਰਾ ... ਹੈ।

**ਸ. ਜੋੜੇ ਬਣਾਉ :**

| | |
|---|---|
| ਮਿੱਤਰ | ਬੇਰੇ |
| ਕਲੇਜਾ | ਨਿਤਾਣੀ |
| ਬਾਣ | ਮਿਜਮਾਨੀ |
| ਦਾਨਾ | ਤੜਫ਼ੇਂਦੀ |
| ਤਾਣਿ | ਬੀਨਾ |

**ਹ. ਵਾਕ ਬਣਾਉ :**

(i) ਮਿਹਰ ...

(ii) ਹਰਫ਼ ...

(iii) ਫ਼ਕੀਰ ...

(iv) ਕਿਤਾਬਤ ...